International Journal of Applied Research 2015; 1(10): 697-700




**ISSN Print:** 2394-7500
**ISSN Online:** 2394-5869
**Impact Factor:** 5.2
IJAR 2015; 1(10): 697-700
www.allresearchjournal.com
Received: 27-07-2015
Accepted: 29-08-2015

**ਸ਼ਰਦੇਵ ਸਿੰਘ ਗਿੱਲ**
ਐਮ.ਏ. ਪੀ-ਐਚ.ਡੀ

**Correspondence**
**ਸ਼ਰਦੇਵ ਸਿੰਘ ਗਿੱਲ**
ਐਮ.ਏ. ਪੀ-ਐਚ.ਡੀ

# ਪੱਛਮੀ ਲੋਕ ਨਾਚ ਝੂੰਮਰ ਦਾ ਪਹਿਰਾਵਾ ਤੇ ਇਸ ਦੀਆਂ ਬੋਲੀਆਂ

**ਸ਼ਰਦੇਵ ਸਿੰਘ ਗਿੱਲ**

ਇਨਸਾਨੀ ਜੀਵਨ ਜਦੋਂ ਹੋਂਦ ਵਿੱਚ ਆਇਆ ਤਾਂ ਉਹ ਨੰਗਾਂ ਹੀ ਸੀ। ਕੁਝ ਸੋਝੀ ਆਈ ਤਾਂ ਉਸ ਨੇ ਆਪਣੇ ਗੁਪਤ ਅੰਗਾਂ ਨੂੰ ਬ੍ਰਿਛ ਦਿਆਂ ਪੱਤਿਆਂ ਤੇ ਛਿਲਕਿਆਂ ਨਾਲ ਢੱਕਣਾ ਸ਼ੁਰੂ ਕੀਤਾ। ਹੌਲੀ ਹੌਲੀ ਫਿਰ ਸਾਰੇ ਸਰੀਰ ਤੇ ਕੱਪੜੇ ਪਹਿਨੇ ਜਾਣ ਲੱਗੇ। ਪਹਿਲਾਂ ਔਰਤਾਂ ਤੇ ਮਰਦਾਂ ਦੇ ਕੱਪੜੇ ਇੱਕੋ ਜਿਹੇ ਸਨ ਫਿਰ ਹੌਲੀ ਹੌਲੀ ਵਿਕਾਸ ਨਾਲ ਸਭ ਕੁਝ ਬਦਲ ਗਿਆ। ਬਹੂਆਂ ਤੇ ਬੇਟੀਆਂ ਦੀ ਪਹਿਚਾਣ ਰੱਖਣ ਲਈ ਘੱਗਰੇ ਹੋਂਦ ਵਿੱਚ ਆਏ। ਮਰਦ ਲੰਗੋਟੀ ਬੰਨ੍ਹਦੇ, ਫਿਰ ਲੂੰਗੀ ਧੋਤੀ-ਚਾਦਰੇ ਪਹਿਨਣ ਦਾ ਰਿਵਾਜ਼ ਚੱਲਿਆ। ਫਿਰ ਚੋਲੇ, ਝੱਗੇ ਤੇ ਕਮੀਜ਼ ਪਹਿਨੇ ਜਾਣ ਲੱਗੇ ਤੇ ਸਿਰ ਰੰਗਦਾਰ ਸਫੈਦ ਜਾਂ ਛੀਟ ਦਾ ਸਾਫਾ ਜਾਂ ਪੱਗ ਬੰਨ੍ਹੀ ਜਾਣ ਲੱਗੀ। ਖ਼ੁਸ਼ੀ ਦੇ ਮੌਕਿਆਂ, ਮੇਲਿਆਂ ਜਾਂ ਤਿਉਹਾਰਾਂ ਆਦਿ ਤੇ ਕੱਪੜਿਆਂ ਵਿੱਚ ਹੋਰ ਤਬਦੀਲੀ ਆਈ ਇਸ ਤਰ੍ਹਾਂ ਬਦਲਦੇ ਪਰ ਵਹਿਣ ਵਿੱਚ ਇਹ ਕੱਪੜੇ ਲੋਕ ਨਾਚਾਂ ਦਾ ਵੀ ਸ਼ਿੰਗਾਰ ਬਣੇ। ਮਨ ਦੀ ਖ਼ੁਸ਼ੀ ਦੇ ਪ੍ਰਗਟਾਵੇ ਨੂੰ ਉਜਾਗਰ ਕਰਨ ਵਾਲੇ ਇਹਨਾਂ ਨਾਚਾਂ ਵਿੱਚ ਕੱਪੜਿਆਂ ਦੇ ਸ਼ਿੰਗਾਰ ਨੇ ਹੋਰ ਚਾਰ ਚਾਂਦ ਲਾਏ। ਸਿੱਟੇ ਵਜੋਂ ਇਸ ਨਾਲ ਲੋਕਾਂ ਲਈ ਹੋਰ ਵੀ ਆਕਸ਼ਣ ਦਾ ਕਾਰਨ ਬਣੇ। ਭਾਵੇਂ ਸਮੇਂ ਦੇ ਫੇਰ ਬਦਲ ਨਾਲ ਬਹੁਤੇ ਨਾਚਾਂ ਦੇ ਪਹਿਰਾਵੇ ਕਾਫੀ ਬਦਲ ਚੁੱਕੇ ਹਨ ਪਰ ਵਿਚਾਰ ਅਧੀਨ ਨਾਚ ਝੂੰਮਰ ਦੇ ਪਹਿਰਾਵੇ ਦੀ ਦਿੱਖ ਅਜੇ ਕਾਫੀ ਪੁਰਾਤਨ ਹੀ ਤੁਰੀ ਆ ਰਹੀ ਹੈ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1) **ਚੋਲਾ**: ਝੂੰਮਰ ਵਿੱਚ ਕਮੀਜ਼ ਵਜੋਂ ਪਹਿਨੇ ਜਾ ਰਹੇ ਪਹਿਰਾਵੇ ਨੂੰ ਚੋਲਾ ਕਿਹਾ ਹੈ। ਪੁਰਾਤਨ ਸਮੇਂ ਵਿੱਚ ਚੋਲਾ ਨਵ ਜਨਮੇ ਬੱਚੇ ਨੂੰ ਰਸਮੀ ਢੰਗ ਨਾਲ ਪਹਿਨਾਇਆ ਜਾਂਦਾ ਸੀ। ਪਰੋਹਤ ਬਾਲਕ ਨੂੰ ਪਹਿਲਾਂ ਚੋਲਾ ਪਹਿਨਾਉਂਦਾ। ਸਿੱਖ ਧਰਮ ਵਿੱਚ ਚੋਲੇ ਦੀ ਬੜੀ ਮਹਾਨਤਾ ਰਹੀ ਹੈ। ਇਸ ਨੂੰ ਪਵਿੱਤਰ ਜਾਮਾ ਸਮਝਿਆ ਜਾਂਦਾ ਹੈ ਜਿਸ ਨੂੰ ਕਿਸੇ ਗੁਰੂ ਨੇ ਆਪਣੇ ਜੀਵਨ ਕਾਲ ਵਿੱਚ ਪਹਿਨਿਆ ਹੋਵੇ। ਸੱਭਿਆਚਾਰਕ ਜਾਂ ਧਾਰਮਿਕ ਪੱਖ ਤੋਂ ਭਾਵੇਂ ਇਸ ਦੀ ਕੋਈ ਵੀ ਮਹੱਤਤਾ ਰਹੀ ਹੋਵੇ ਪਰ ਸਾਂਦਲ ਬਾਰ ਦੇ ਸਧਾਰਣ ਲੋਕਾਂ ਦਾ ਇਹ ਤਨ ਢੱਕਣ ਦਾ ਪਹਿਰਾਵਾ ਹੀ ਸੀ। ਇਹ ਸਿੱਧਾ ਸਾਧਾ ਝੱਗਾ ਉਪਰੋਂ ਛਾਤੀ ਕੋਲੋਂ ਚੋਣਾ ਪਾ ਕੇ ਬਣਾਇਆ ਲੰਮਾ ਕੁਰਤਾ ਹੁੰਦਾ ਹੈ, ਜਿਸ ਦੀਆਂ ਖੁਲ੍ਹੀਆਂ ਲੰਮੀਆਂ ਬਾਹਾਂ ਬਿਨਾਂ ਕਫ਼ਾਂ ਦੇ ਹੁੰਦੀਆਂ ਹਨ। ਇਸ ਦੀ ਅਜਿਹੀ ਬਣਤਰ ਸ਼ਾਇਦ ਇਸ ਕਰਕੇ ਸੀ ਕਿਉਂਕਿ ਉਸ ਸਮੇਂ ਪੈਸੇ ਟਕੇ ਦੀ ਘਾਟ ਹੁੰਦੀ ਸੀ ਤੇ ਤਨ ਦਾ ਕੱਪੜਾ ਲੈਣਾ ਹਰ ਇੱਕ ਦੇ ਵਸ ਦਾ ਰੋਗ ਨਹੀਂ ਸੀ। ਘਰ ਦਾ ਮੋਹਤਬਾਰ ਇਹ ਚੋਲਾ ਪਹਿਨਦਾ, ਪਿੱਛੋਂ ਕੋਈ ਛੋਟਾ ਪਰਿਵਾਰ ਦਾ ਮੈਂਬਰ ਇਸੇ ਦੀ ਵਰਤੋਂ ਕਰ ਲੈਂਦਾ ਤੇ ਕਈ ਵਾਰੀ ਪਿੱਛੋਂ ਔਰਤਾਂ ਵੀ ਇਸ ਨੂੰ ਪਹਿਨ ਲੈਂਦੀਆਂ। ਇਸ ਦੀ ਬਣਤਰ ਹੀ ਅਜਿਹੀ ਹੁੰਦੀ ਕਿ ਇਹ ਹਰ ਇੱਕ ਨੂੰ ਪੂਰਾ ਆ ਜਾਂਦਾ।ਝੂੰਮਰ ਵਿੱਚ ਇਹ ਚੋਲਾ ਸਫੈਦ ਰੰਗ ਦਾ ਹੁਣ ਦੇ ਕਲੀਆਂ ਵਾਲੇ ਕੁਰਤੇ ਵਰਗਾ ਪਹਿਨਿਆ ਜਾਂਦਾ ਹੈ। ਜੋ ਹੇਠਾਂ ਗੋਡਿਆਂ ਤੱਕ ਲੰਮਾਂ ਹੁੰਦਾ ਹੈ। ਇਸ ਦੀਆਂ ਬਾਹਾਂ ਪੂਰੀਆਂ ਤੇ ਖੁੱਲ੍ਹੀਆਂ ਬਿਨਾਂ ਕਫਾਂ ਤੋਂ ਹੁੰਦੀਆਂ ਹਨ। ਇਸ ਨੂੰ ਬਹੁਤੇ ਬਟਨ ਵੀ ਨਹੀਂ ਲਾਏ ਜਾਂਦੇ। ਇੱਕ ਪਾਸੇ ਜੇਬ ਤੇ ਪਿੱਛੋਂ ਦੋਵੇਂ ਪਾਸੇ

ਗੋਲ ਗਲੇ ਵਾਲਾ ਹੁੰਦਾ ਹੈ। ਝੂੰਮਰ ਵਿੱਚ ਬੋਲੀਆਂ ਦੁਆਰਾ ਇਸ ਚੋਲੇ ਦੀ ਅਹਿਮੀਅਤ ਨੂੰ ਹੋਰ ਵੀ ਦਰਸਾਇਆ ਗਿਆ ਹੈ:-

ਤੇਰੇ ਚੋਣੇ ਝੂੰਮਰਾ ਪਾਈਆਂ
ਛੋਹਰਾ ਵੇ ਰਾਵੀ ਵਾਲੜਿਆ
ਮੈਨੂੰ ਚੋਲਾ ਸਵਾ ਦੇ ਅੱਜ ਮਾਹੀਆ
ਤੁਸਾਂ ਕੱਲ੍ਹ ਨੂੰ ਜਾਣਾ ਵਗ ਮਾਹੀਆ

2) **ਚਾਦਰਾ:** ਸ਼ੁਰੂ-ਸ਼ੁਰੂ ਵਿੱਚ ਮਰਦ ਗੁਪਤ ਅੰਗਾਂ ਨੂੰ ਕੱਪੜੇ ਦੇ ਇਜ਼ਾਦ ਹੋਇਆ ਲੰਗੋਟੀ ਨਾਲ ਕੱਜਿਆ ਕਰਦੇ ਸਨ। ਫਿਰ ਸਰੀਰ ਨੂੰ ਢੱਕਣ ਲਈ ਲੂੰਗੀ, ਧੋਤੀ ਤੇ ਚਾਦਰੇ ਪਹਿਨਣ ਦਾ ਰਿਵਾਜ਼ ਚੱਲਿਆ। ਮੁੱਛ ਫੁੱਟ ਗੱਭਰੂ ਧੂਵੇਂ ਚਾਦਰੇ ਬੰਨ੍ਹਦੇ। ਇਹ ਡੱਬਾ ਲਮਕਾ ਕੇ ਜਾਂ ਪਿੱਛੇ ਗੰਢ ਦੇ ਕੇ ਵੀ ਬੰਨ੍ਹਿਆ ਜਾਂਦਾ। ਇਹ ਚਿੱਟੇ ਰੰਗ ਦੇ ਜਾਂ ਡੱਬੀਆਂ ਵਾਲੇ ਹੁੰਦੇ।

ਚਿੱਟਾ ਚਾਦਰਾ ਕੰਨਾਂ ਦੇ ਵਿੱਚ ਨੱਤੀਆਂ
ਪੱਟਤਾ ਸ਼ਕੀਨੀ ਨੇ
ਧੋਂਦੇ ਚਾਦਰਾ ਲਾਹੌਰੀ ਲੂਣ ਪਾ ਕੇ
ਨੀ ਮੇਲੇ ਜਾਣਾ ਮੁਕਤਸਰ ਦੇ

ਖਾਸ ਕਰ ਸਹੁਰੀ ਜਾਂ ਮੇਲੇ ਜਾਣ ਸਮੇਂ ਗੱਭਰੂ ਇਸ ਚਾਦਰੇ ਨੂੰ ਵਿਸ਼ੇਸ਼ ਤਵੱਜੋਂ ਦਿੰਦੇ, ਇਹ ਧੂਵੇਂ ਚਾਦਰੇ ਜਾਂ ਸਿਟਵੇਂ ਚਾਦਰੇ ਦੇ ਨਾਂ ਨਾਲ ਜਾਣੇ ਜਾਂਦੇ।

ਝੂੰਮਰ ਵਿੱਚ ਬੋਸਕੀ ਦਾ ਡੱਬੀਆਂ ਵਾਲਾ ਲੱਗ ਭਗ ਸਿਟਵਾਂ ਜਾਂ ਧੂਣਾਂ ਚਾਦਰਾ ਬੰਨ੍ਹਿਆ ਜਾਂਦਾ ਹੈ। ਵਿੱਚ ਪੱਟੀ ਪਾ ਕੇ ਇਸ ਦਾ ਆਕਾਰ ਵਧਾਇਆ ਜਾਂਦਾ ਹੈ ਤਾਂ ਜੋ ਇਹ ਉੱਚਾ ਜਾਂ ਲੰਡਾ ਜਿਹਾ ਨਾ ਲੱਗੇ। ਇਸ ਨੂੰ ਉੱਪਰੋਂ ਪਿੱਛੇ ਗੰਢ ਦੇ ਕੇ ਬੰਨ੍ਹਿਆ ਜਾਂਦਾ ਹੈ। ਕਈ ਗੱਭਰੂ ਡੱਬਾ ਵਾਲਾ ਵੀ ਬੰਨ੍ਹਦੇ ਹਨ ਪਰ ਖੁਲ੍ਹਣ ਜਾਂ ਖਿਸਕਣ ਦੇ ਡਰ ਤੋਂ ਇਸ ਨੂੰ ਪਿਛਲੇ ਪਾਸੇ ਗੰਢ ਦੇ ਕੇ ਬੰਨ੍ਹਣਾ ਹੀ ਠੀਕ ਸਮਝਿਆ ਜਾਂਦਾ ਹੈ। ਇਹ ਚਿੱਟੀਆਂ ਸਲੇਟੀ ਜਾਂ ਭੂਰੀਆਂ ਡੱਬੀਆਂ ਵਾਲੇ ਪ੍ਰਿੰਟ ਦਾ ਸਾਦਾ ਤੇ ਰੋਅਬ ਵਾਲਾ ਹੁੰਦਾ ਹੈ। ਨੱਚਦੇ ਸਮੇਂ ਚਾਦਰੇ ਦੀ ਕੰਨੀ ਫੜ੍ਹ ਕੇ ਨੱਚਦਾ ਨਾਚਾਰ ਇਸ ਦੀ ਅਹਿਮੀਅਤ ਨੂੰ ਹੋਰ ਵੀ ਵਧਾ ਦਿੰਦਾ ਹੈ।

3) **ਤੁਰਲੇ ਵਾਲੀ ਪੱਗ:** ਪੱਗ ਵਰ੍ਹਿਆਂ ਤੋਂ ਪੰਜਾਬੀਆਂ ਦੀ ਪਹਿਚਾਣ ਦਾ ਪ੍ਰਤੀਕ ਰਹੀ ਹੈ ਤੇ ਇਸ ਦੀ ਆਨ ਤੇ ਸ਼ਾਨ ਲਈ ਜਾਨਾਂ ਵੀ ਕੁਰਬਾਨ ਹੁੰਦੀਆਂ ਰਹੀਆਂ ਹਨ। ਪੁਰਾਣੇ ਸਮਿਆਂ ਵਿੱਚ ਲੱਗ ਭਗ ਸਾਰੀਆਂ ਸ਼੍ਰੇਣੀਆਂ ਹੀ ਪੱਗ ਬੰਨ੍ਹਦੀਆਂ ਸਨ। ਪਹਿਲਾਂ ਪੱਗਾਂ ਕੇਵਲ ਚਿੱਟੀਆਂ ਹੀ ਹੁੰਦੀਆਂ ਸਨ। ਪਿੱਛੋਂ ਛੀਟ ਦੀਆਂ ਪੱਗਾਂ ਚੱਲੀਆਂ ਤੇ ਬਾਓਦ ਵਿੱਚ ਇਹਨਾਂ ਨੂੰ ਰੰਗਣ ਦਾ ਰਿਵਾਜ਼ ਚੱਲ ਗਿਆ।

ਲੋਕ ਨਾਚਾਂ ਵਿੱਚ ਪੱਗ ਦੀ ਵਿਸ਼ੇਸ਼ ਅਹਿਮੀਅਤ ਹੈ। ਪੰਜਾਬੀ ਨਾਚ ਦਾ ਪੱਗ ਬਿਨ੍ਹਾਂ ਸੰਭਵ ਹੀ ਨਹੀਂ। ਝੂੰਮਰ ਵਿੱਚ ਪਹਿਲਾਂ ਪਹਿਲ ਚਿੱਟੀਆਂ ਸਾਈਡ ਤੇ ਮਾਵਾ ਲੱਗੇ ਤੁਰਲੇ ਵਾਲੀਆਂ ਪਿੱਛੇ ਲੜ ਛੱਡ ਕੇ ਪੱਗਾਂ ਬੰਨ੍ਹੀਆਂ ਜਾਂਦੀਆਂ ਸਨ। ਪਿੱਛੋਂ ਇਹ ਪੱਗਾਂ ਕਈ ਰੰਗਾਂ ਵਿੱਚ ਜਾਂ ਸਾਰੀ ਟੀਮ ਇੱਕੋ ਰੰਗ ਦੀਆਂ ਪੱਗਾਂ ਬੰਨ੍ਹਣ ਲੱਗ ਪਈ। ਇਹ ਰੰਗ ਸ਼ੋਖ ਜਾਂ ਗੂੜ੍ਹੇ ਹੋਣੇ ਚਾਹੀਦੇ ਹਨ ਤਾਂ ਜੋ ਗੱਭਰੂਆਂ ਦੀ ਦਿਖ ਸੋਹਣੀ ਲੱਗੇ। ਇਸ ਦਾ ਭੰਗੜੇ ਦੀ ਪੱਗ ਨਾਲੋਂ ਕਾਫੀ ਫਰਕ ਹੈ। ਭੰਗੜੇ ਦੀ ਪੱਗ ਗੋਲ ਸਾਹਮਣੇ ਤੁਰਲਾ ਖੜ੍ਹਾ ਕਰਕੇ ਬੰਨ੍ਹੀ ਜਾਂਦੀ ਹੈ ਪਰ ਝੂੰਮਰ ਦੀ ਪੱਗ ਆਮ ਚੀਰੇ ਵਾਲੀ ਪੱਗ ਵਾਂਗ ਖੱਬੀ ਸਾਈਡ ਤੇ ਛਰਗਾ (ਤੁਰਲਾ) ਖੜ੍ਹਾ ਕਰਕੇ ਬੰਨ੍ਹੀ ਜਾਂਦੀ ਹੈ ਤੇ ਪਿੱਛੇ ਲੰਮਾਂ ਲੜ ਲਮਕਾਇਆ ਜਾਂਦਾ ਹੈ। ਕਈ ਗੱਭਰੂ ਪਿਛਲੇ ਇਸ ਲੜ ਨੂੰ ਖੱਬੇ ਮੋਢੇ ਵੱਲ ਦੀ ਅੱਗੇ ਛਾਤੀ ਤੇ ਵੀ ਕਰ ਲੈਂਦੇ ਹਨ। ਇਹ ਸਿਰਫ ਸੋਹਣੇ ਲੱਗਣ ਲਈ ਕੀਤਾ ਜਾਂਦਾ ਹੈ। ਇਸ ਦੀ ਲੰਬਾਈ ਲੜ ਨੂੰ ਪੂਰਾ ਕਰਨ ਦੇ ਧਿਆਨ ਵਿੱਚ ਰੱਖਕੇ ਲੱਗ ਭਗ 4½ ਜਾਂ ਪੰਜ ਮੀਟਰ ਹੁੰਦੀ ਹੈ ਤੇ ਮਾਵਾ ਲਾ ਕੇ ਬੰਨ੍ਹੀ ਜਾਂਦੀ ਹੈ। ਪੱਗ ਦਾ ਛਰਗਾ (ਤੁਰਲਾ) ਕਾਫੀ ਉੱਚਾ ਤੇ ਆਕੜਿਆ ਸੋਹਣਾ ਲੱਗਦਾ ਹੈ। ਇਹ ਤੁਰਲਾ ਜਾਂ ਸ਼ਮਲਾ ਮੋਰ ਦੀ ਉਡਾਰੀ ਦਾ ਭੁਲੇਖਾ ਪਾਉਂਦਾ ਹੈ। ਹੁਣ ਇਸ ਤੇ ਭੰਗੜੇ ਵਾਲਿਆਂ ਵਾਂਗਾ ਗੱਭਰੂ ਤਿੱਲੇਦਾਰ ਪੱਟੀ ਵੀ ਬੰਨਣ ਲੱਗ ਪਏ ਹਨ ਜੋ ਪੁਰਾਤਨਤਾ ਤੋਂ ਦੂਰ ਦੀ ਗੱਲ ਹੈ।

4) **ਜੁੱਤੀ:** ਜੁੱਤੀ ਦੀ ਪਹਿਰਾਵੇ ਵਿੱਚ ਖ਼ਾਸ ਅਹਿਮੀਅਤ ਰਹੀ ਹੈ। ਮੁਗ਼ਲਾਂ ਰਾਜਿਆਂ ਮਹਾਂ ਰਾਜਿਆਂ ਤੇ ਗੁਰੂ ਸਾਹਿਬਾਨਾਂ ਸਭ ਨੇ ਇਸ ਦੀ ਸ਼ਾਨ ਨੂੰ ਸਮਝਿਆ ਹੈ। ਪੰਜਾਬੀ ਸੱਭਿਆਚਾਰ ਵਿੱਚ ਤਾਂ ਜੁੱਤੀ ਬਿਨਾਂ ਗੱਭਰੂ ਦੀ ਸ਼ਾਨ ਹੀ ਨਹੀਂ ਮੰਨੀ ਜਾਂਦੀ।

ਤੇਰੀ ਜੁੱਤੀ ਲਹਿਰਾਂ ਲਾਈਆਂ
ਛੋਹਰਾ ਵੇ ਰਾਵੀ ਵਾਲੜਿਆ
ਸਾਨੂੰ ਘੜਾ ਚੁਵਾ ਕੇ ਜਾਵੀਂ
ਛੋਹਰਾ ਤੇ ਰਾਵੀ ਵਾਲੜਿਆ

ਜੁੱਤੀ ਕਈ ਰੂਪਾਂ ਜਿਵੇਂ ਸਾਦੀ, ਘੱਟ ਕੱਢੀ ਜਾਂ ਪੂਰੀ ਕੱਢੀ, ਇੱਕ ਪੈਰੀਂ ਜਾਂ ਦੋ ਪੈਰੀਂ ਦੇ ਰੂਪ ਵਿੱਚ ਪ੍ਰਚਲਿਤ ਰਹੀ ਹੈ। ਇਹ ਸੁਨਹਿਰੀ ਤਿੱਲੇ ਜਾਂ ਚਿੱਟੇ ਤਿੱਲੇ ਨਾਲ ਪਿੜੀਆਂ ਪਾ ਪਾ ਕੇ ਸ਼ਿੰਗਾਰ ਕੇ ਕੱਢੀ ਜਾਂਦੀ ਹੈ। ਅਮੀਰ ਲੋਕ ਬਰੀਕ ਕਢਾਈ ਦੀ ਜੁੱਤੀਨੂੰ ਵਧੇਰੇ ਤਹਿਰੀਜ਼ ਦਿੰਦੇ ਰਹੇ ਹਨ।

ਝੂੰਮਰ ਦੀ ਜੁੱਤੀ ਸੁਨਹਿਰੀ ਤਿੱਲੇਦਾਰ ਕੱਢੀ ਹੋਈ ਤੇ ਬਿਨਾਂ ਨੋਕ ਤੋਂ ਹੁੰਦੀ ਹੈ। ਇਹ ਆਮ ਤੌਰ ਤੇ ਦੋ ਪੈਰੀਂ ਹੁੰਦੀ ਹੈ। ਕਈ ਗੱਭਰੂ ਨੋਕ ਵਾਲੀ ਜੁੱਤੀ ਵੀ ਪਸੰਦ ਕਰਦੇ ਹਨ ਪਰ ਨਾਚ ਦੀ ਪੁਰਾਤਨਤਾ ਨੂੰ ਵੇਖਦੇ ਹੋਏ ਸਾਦੀ ਕੱਢਣੀ ਤਿੱਲੇਦਾਰ ਬਿਨਾਂ ਨੋਕ ਵਾਲੀ ਜੁੱਤੀ ਹੀ ਝੂੰਮਰ ਵਿੱਚ ਬਹੁਤੀ ਮਕਬੂਲ ਹੋਈ ਹੈ।

**ਝੂੰਮਰ ਬੋਲੀਆਂ**

ਗਾਨਾ:
ਮੇਰੇ ਹੱਥ ਮਾਹੀ ਵੇ ਗਾਨਾਂ,
ਛੋਹਰਾ ਵੇ ਰਾਵੀ ਵਾਲੜਿਆ।
ਤੇਰੇ ਛਰਗੇ ਲਹਿਰਾਂ ਲਾਈਆਂ,
ਛੋਹਰਾ ਵੇ ਰਾਵੀ ਵਾਲੜਿਆ।
ਤੇਰੇ ਕੁਰਤੇ ਝੂੰਮਰਾਂ ਪਾਈਆਂ,
ਛੋਹਰਾ ਵੇ ਰਾਵੀ ਵਾਲੜਿਆ।
ਤੇਰੀ ਜੁੱਤੀ ਪੈਲਾਂ ਪਾਈਆਂ,
ਛੋਹਰਾ ਵੇ ਰਾਵੀ ਵਾਲੜਿਆ।

ਸਾਨੂੰ ਘੜਾ ਚਵਾ ਕੇ ਜਾਵੀਂ,
ਛੋਹਰਾ ਵੇ ਰਾਵੀ ਵਾਲੜਿਆ।
ਤੂੰ ਲਾਈਆਂ ਤੋੜ ਨਿਭਾਵੀਂ,
ਛੋਹਰਾ ਵੇ ਰਾਵੀ ਵਾਲੜਿਆ।

1. ਲੰਘ ਆ ਜਾ ਪੱਤਨ ਝਨਾਅ ਦਾ ਓ ਯਾਰ....................2,

2. ਉੱਚੀਆਂ ਲੰਮੀਆਂ ਟਾਲੀਆਂ ਓ ਬੇਲੀਆ,
ਹੇਠ ਵਗੇ ਦਰਿਆ।
ਮੈਂ ਦਰਿਆ ਦੀ ਮਛਲੀ ਓ ਬੇਲੀਆ,
ਬਗਲਾ ਬਣ ਕੇ ਆ।

3. ਲੱਕ ਪਤਲਾ ਹੁਲਾਰੇ ਤੇਰਾ ਖਾਵੇ,
ਗਲੀ ਚੋਂ ਜਦੋਂ ਤੂੰ ਲੰਘਦੀ।
ਤੇਰਾ ਲੌਂਗ ਲਿਸ਼ਕਾਰੇ ਪਿਆ ਮਾਰੇ,
ਜਾਂ ਚੁੰਨੀ ਲਵੇਂ ਲਾਲ ਰੰਗ ਦੀ।

4. ਵੇ ਚੱਕ ਲਿਆ ਮੋਰ ਬਣ ਕੇ,
ਮੇਰੀ ਡਿੱਗ ਪਈ ਚਰੀ ਦੇ ਵਿੱਚ ਗਾਨੀ।
ਨੀ ਗਾਨੀ ਤੇਰੀ ਤਾਂ ਦੇਊਂਗਾ,
ਜੇ ਤੂੰ ਮਿੱਤਰਾਂ ਨੂੰ ਦੇਵੇਂਗੀ ਨਿਸ਼ਾਨੀ।

5. ਮੁਰਗਾਈ ਵਾਗੂੰ ਮੈਂ ਤਰਦੀ ਵੇ ਤੇਰੇ,
ਮੁੰਡਿਆ ਪਸੰਦ ਨਾ ਆਈ।
ਮਾਝੇ ਦੀ ਮੈਂ ਜੱਟੀ ਬੇਲੀਆ ਵੇ ਮੁੰਡਾ,
ਮਾਲਵੇ ਦਾ ਜੀਹਦੇ ਲੜ ਲਾਈ।

6. ਜੋਗੀ ਉੱਤਰ ਪਹਾੜੋਂ ਆਇਆ,
ਚਰਖੇ ਦੀ ਘੂਕ ਸੁਣ ਕੇ।
ਕਾਲਾ ਨਾਗ ਨੀ ਚਰੀ ਦੇ ਵਿੱਚ ਸ਼ੂਕੇ,
ਪਤਲੋ ਦੀ ਗੁੱਤ ਵਰਗਾ।

7. ਬੋਤਾ ਬੰਨ੍ਹ ਦੇ ਵਣਾਂ ਦੇ ਓਹਲੇ,
ਆਪਾਂ ਦੋਵੇਂ ਤਾਸ਼ ਖੇਡੀਏ।
ਮੈਨੂੰ ਚੋਲਾ ਸਵਾ ਦੇ ਅੱਜ ਮਾਹੀਆ,
ਤੁਸਾਂ ਕੱਲ੍ਹ ਨੂੰ ਜਾਣਾ ਵਗ ਮਾਹੀਆ।

8. ਆਟਾ ਗੁੰਨ੍ਹਦੀ ਦੇ ਹਿੱਲਦੇ ਨੇ ਵਾਲੇ,
ਤੁਰਦੀ ਦੀ ਹਿੱਲੇ ਮੱਛਲੀ।
ਰੰਗ ਚੋ ਕੇ ਪਰਾਤ ਵਿੱਚ ਪੈ ਗਿਆ,
ਧੁੱਪੇ ਮੈਂ ਪਕਾਈਆਂ ਰੋਟੀਆਂ।

9. ਦੁੱਧ ਰਿੜਕੇ ਝਾਂਜਰਾ ਵਾਲੀ,
ਕੈਂਠੇ ਵਾਲਾ ਧਾਰ ਕੱਢਦਾ।

10. ਵੇ ਲੈ ਜਾ ਮੇਰਾ ਗੁੱਟ ਮਿਣ ਕੇ,
ਮੇਲੇ ਗਿਆ ਤਾਂ ਲਿਆ ਦੀਂ ਪਉਂਚੀ।

11. ਬਾਜ਼ਾਰ ਵਿਕੇਂਦੀ ਬਰਫੀ,
ਮੈਨੂੰ ਲੈ ਦੇ ਵੇ ਨਿੱਕੀ ਜਿਹੀ ਚਰਖੀ।
ਦੁੱਖਾਂ ਦੀਆਂ ਕੱਤਾਂ ਪੂਣੀਆ।
ਢੋਲ ਮੱਖਣਾ, ਚਿੱਤ ਪਰਦੇਸੀਆਂ ਦਾ, ਰਾਜ਼ੀ ਰੱਖਣਾ।

12. ਵੰਗਾਂ ਵੇਖ ਕੇ ਤਿੜਕ ਗਿਆ ਗਜਰਾ,
ਰੂਪ ਨੂੰ ਨਾ ਸਹਿ ਸਕਿਆ।

13. ਮੇਰਾ ਡਿੱਗਿਆ ਰੁਮਾਲ ਫੜਾ ਦੇ,
ਨੀ ਰਾਹੇ-ਰਾਹੇ ਜਾਣ ਵਾਲੀਏ।

14. ਚਿੱਤ ਸਾਧਨੀ ਹੋਣ ਨੂੰ ਕਰਦਾ,
ਨੀ ਲੈ ਦੇ ਮਾਏ ਗੇਰੂ ਰੰਗਦੇ।
ਕਦੋਂ ਹੋਣਗੇ ਸੱਜਣਾ ਨਾਲ ਮੇਲੇ,
ਵੇ ਸਾਧਾ ਮੇਰਾ ਹੱਥ ਵੇਖ ਦੇ।
ਗੋਰੇ ਰੰਗ ਨੂੰ ਮਿੱਟੀ ਨਾ ਮਿੱਟੀ ਨਾ ਲੱਗ ਜਾਵੇ,
ਨੀ ਝਾੜ ਕੇ ਵਿਛਾਲੇ ਕੰਬਲੀ।

15. ਦੁੱਧ/ਦਹੀ ਮੱਖਣਾਂ ਨਾਲ ਪਲੀ ਜਵਾਨੀ,
ਖਾਂਦੀ ਦੁੱਧ ਮਲਾਈ।............2
ਪਾਸੇ ਹਟਜਾ ਜ਼ਾਲਮਾਂ,
ਪੰਜਾਬਣ ਜੱਟੀ ਆਈ।

ਸ਼ੀਸ਼ਾ: ਸ਼ੀਸ਼ਾ ਵੇਖ ਕੇ ਕਲਿਪ ਪਈ ਲਾਵਾਂ, ਅੱਜ ਮੇਰੇ ਮਾਹੀਏ ਆਵਣਾ,
ਜੇ ਮੁੰਡਿਆ ਵੇ ਸਾਡੀ ਤੋਰ ਤੂੰ ਵੇਖਣੀ, ਗੜਵਾ ਲੈ ਦੇ ਚਾਂਦੀ ਦਾ,
ਵੇ ਲੱਕ ਹਿੱਲੇ ਮਜਾਜਣ ਜਾਂਦੀ ਦਾ।
ਕਦੇ ਹੂੰ ਕਰਕੇ, ਕਦੇ ਹਾਂ ਕਰਕੇ,
ਗੇੜਾ ਦੇ ਦੇ ਨੀ ਮੁਟਿਆਰੇ ਲੰਮੀ ਬਾਂਹ ਕਰਕੇ।

16. ਇਸ ਪਿੰਡ ਦਿਆ ਮੇਜਰਾ, ਇਹਨਾਂ ਮੁੰਡਿਆਂ ਨੂੰ ਸਮਝਾ,
ਇਹ ਪੱਗਾਂ ਬਨਦੇ ਟੇਢੀਆਂ, ਤੇ ਲੰਘਣ ਨੀ ਦਿੰਦੇ ਰਾਹ।
ਉੱਚੇ ਟਿੱਬੇ ਤੇ ਬਾਬਾ ਬੋਲਦਾ, ਹੇਠ ਵਗੇ ਦਰਿਆ,
ਸੋਹਣਿਆਂ ਬਗਲਾ ਬਣਕੇ ਆ।..................

17. ਢੋਲਣਾ ਵੇ, ਨੂਰ ਪੁਰੇ ਨਾ, ਜਾਈਂ ਮੇਰੇ ਹਾਣੀਆਂ।
ਸੋਹਣਿਆ ਵੇ, ਨੂਰ ਪੁਰੇ ਦੀਆਂ, ਗਲੀਆਂ ਵੇ ਸੁੰਨੀਆਂ।
ਸੋਹਣਿਆ ਵੇ, ਕੋਠੇ ਤਪਦਾ, ਤੰਦੂਰ ਮੇਰੇ ਹਾਣੀਆਂ।
ਸੋਹਣਿਆ ਵੇ, ਗਿਣ-ਗਿਣ ਲਾਵਾਂ, ਰੋਟੀਆਂ ਵੇ ਹਾਣੀਆਂ।
ਸੋਹਣਿਆ ਵੇ, ਖਾਵਣ ਵਾਲਾ, ਦੂਰ ਮੇਰਿਆ ਹਾਣੀਆਂ।

## ਸਹਾਇਕ ਪੁਸਤਕ ਸੂਚੀ


1. ਪੰਜਾਬ ਦੇ ਮਰਦਾਵੇ ਲੋਕ ਨਾਚ: ਪਰੰਪਰਾ ਅਤੇ ਵਰਤਮਾਨ – ਡਾ. ਜਗੀਰ ਸਿੰਘ
2. ਪੰਜਾਬ ਦੇ ਲੋਕ ਨਾਚ – ਡਾ. ਗੁਰਨਾਮ ਸਿੰਘ
3. ਬੋਲੀਆਂ ਪੰਜਾਬ ਦੀਆਂ –ਭਾਗ ਸਿੰਘ

4. ਪੰਜਾਬੀ ਲੋਕ ਨਾਚ –ਅਵਤਾਰ ਸਿੰਘ ਦਲੇਰ
5. ਉਤਰੀ ਭਾਰਤ ਦੀ ਲੋਕ ਨਾਚ ਪਰੰਪਰਾ ਅਤੇ ਲੋਕ ਜੀਵਨ – ਡਾ. ਜਗੀਰ ਸਿੰਘ
6. ਪੰਜਾਬੀ ਲੋਕ ਨਾਚ ਸੱਭਿਆਚਾਰਕ ਭੂਮਿਕਾ ਤੇ ਸਾਰਥਕਤਾ – ਐਚ.ਐਸ. ਦਲਗੀਰ
7. ਪੰਜਾਬ ਦੇ ਲੋਕ ਨਾਚ – ਮੋਹਨ ਸਿੰਘ ਰਾਹੀ
8. ਬੋਲੀਆਂ ਹੀ ਬੋਲੀਆਂ – ਅਮਰੀਕ ਸਿੰਘ ਝੱਜ
9. ਪੰਜਾਬੀ ਬੋਲੀਆਂ – ਨੀਤੂ ਮੰਗਲਾ
10. ਪੰਜਾਬੀ ਲੋਕ ਕਾਵਿ – ਬਿਕਰਮ ਸਿੰਘ ਘੁੰਮਣ